getting it right for every child

NHS Lothian

# ਇੱਕ ਤੋਂ ਜ਼ਿਆਦਾ ਭਾਸ਼ਾਵਾਂ ਨਾਲ ਵੱਡੇ ਹੋ ਰਹੇ ਬੱਚਿਆਂ ਲਈ ਸੁਝਾਅ

- ਆਪਣੇ ਬੱਚੇ ਨਾਲ ਆਪਣੀ ਮਾਂ ਬੋਲੀ ਵਿੱਚ ਗੱਲ ਕਰੋ। ਇਹ ਮਹੱਤਵਪੂਰਨ ਹੁੰਦਾ ਹੈ ਕਿ ਤੁਸੀਂ ਆਪਣੇ ਬੱਚੇ ਨਾਲ ਉਸ ਭਾਸ਼ਾ ਵਿੱਚ ਗੱਲ ਕਰੋ ਜਿਸ ਵਿੱਚ ਤੁਹਾਨੂੰ ਸਭ ਤੋਂ ਜ਼ਿਆਦਾ ਭਰੋਸਾ ਹੁੰਦਾ ਹੈ।
- ਜਿਹੜਾ ਬੱਚਾ ਆਪਣੀ ਮਾਂ ਬੋਲੀ ਵਿੱਚ ਵਿਆਕਰਣ ਅਤੇ ਸ਼ਬਦਾਵਲੀ ਦੀ ਵਧੀਆ ਵਰਤੋਂ ਦਾ ਵਿਕਾਸ ਕਰਦਾ ਹੈ ਉਸ ਦੀ ਦੂਜੀ ਭਾਸ਼ਾ ਦੀ ਵਧੀਆ ਵਰਤੋਂ ਦਾ ਵਿਕਾਸ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਬੱਚੇ ਇੱਕ ਤੋਂ ਜ਼ਿਆਦਾ ਭਾਸ਼ਾਵਾਂ ਸੁਣ ਕੇ ਉਲਝਣ ਵਿੱਚ ਨਹੀਂ ਪੈਂਦੇ।
- ਜੇ ਮਾਪੇ ਹੋਣ ਦੇ ਨਾਤੇ ਤੁਸੀਂ ਵੱਖ-ਵੱਖ ਭਾਸ਼ਾਵਾਂ ਬੋਲਦੇ ਹੋ, ਤਾਂ ਤੁਹਾਡੇ ਬੱਚੇ ਲਈ ਭਾਸ਼ਾਵਾਂ ਸਿੱਖਣ ਦੇ ਸਭ ਤੋਂ ਵਧੀਆ ਤਰੀਕਿਆਂ ਵਿੱਚੋਂ ਇੱਕ ਤਰੀਕਾ ਇਹ ਹੈ ਕਿ ਦੋਵੇਂ ਮਾਪੇ ਆਪੋ-ਆਪਣੀ ਭਾਸ਼ਾ ਬੋਲਣ, ਮਿਸਾਲ ਲਈ ਪਿਤਾ ਅੰਗਰੇਜ਼ੀ ਬੋਲਦੇ ਹਨ, ਮਾਂ ਫ੍ਰੈਂਚ ਬੋਲਦੀ ਹੈ।
- ਇਹ ਮਹੱਤਵਪੂਰਨ ਹੁੰਦਾ ਹੈ ਕਿ ਬੱਚੇ ਕਿਸੇ ਵੀ ਉਸ ਭਾਸ਼ਾ ਨੂੰ ਸੁਣਨ ਜਿਸ ਨੂੰ ਉਹ ਸੁਭਾਵਿਕ/ਖੇਡ ਵਾਲੇ ਵਾਤਾਵਰਣ ਵਿੱਚ ਸਿੱਖ ਰਹੇ ਹਨ।
- ਜਦੋਂ ਛੋਟੇ ਬੱਚੇ ਇੱਕ ਤੋਂ ਵੱਧ ਭਾਸ਼ਾਵਾਂ ਸਿੱਖ ਰਹੇ ਹੁੰਦੇ ਹਨ ਤਾਂ ਉਹ ਇੱਕੋ ਵਾਕ ਵਿੱਚ ਦੋਵੇਂ ਭਾਸ਼ਾਵਾਂ ਦੇ ਸ਼ਬਦ ਵਰਤ ਸਕਦੇ ਹਨ। ਇਹ ਪੂਰੀ ਤਰ੍ਹਾਂ ਆਮ ਗੱਲ ਹੈ।
- ਇੱਕ ਤੋਂ ਵੱਧ ਭਾਸ਼ਾਵਾਂ ਨਾਲ ਵੱਡੇ ਹੋ ਰਹੇ ਬੱਚੇ ਹੋ ਸਕਦਾ ਹੈ ਕਿ ਗੱਲ ਕਰਨ ਦੀ ਸ਼ੁਰੂਆਤ ਥੋੜ੍ਹੀ ਦੇਰ ਨਾਲ ਕਰਨ, ਐਪਰ ਉਹਨਾਂ ਦੀ ਆਪਣੀ ਪਹਿਲੀ ਭਾਸ਼ਾ ਦੀ ਸਮਝ ਓਨੀ ਹੀ ਹੋਣੀ ਚਾਹੀਦੀ ਹੈ ਜਿੰਨੀ ਸਿਰਫ ਇੱਕ ਭਾਸ਼ਾ ਦੇ ਸੰਪਰਕ ਵਿੱਚ ਰਹਿਣ ਵਾਲੇ ਬੱਚਿਆਂ ਦੀ ਆਪਣੀ ਭਾਸ਼ਾ ਬਾਰੇ ਹੁੰਦੀ ਹੈ।
- ਦੂਜੀ ਭਾਸ਼ਾ ਲਈ ਨਵੇਂ ਬੱਚਿਆਂ ਲਈ ਇਹ ਆਮ ਹੈ ਕਿ ਉਹ ਇੱਕ ਸ਼ਾਂਤ (ਖਾਮੋਸ਼) ਅਵਧੀ ਵਿੱਚੋਂ ਲੰਘਣ। ਉਹ ਨਵੇਂ ਮਾਹੌਲ, ਜਿਵੇਂ ਕਿ ਨਰਸਰੀ ਜਾਂ ਸਕੂਲ, ਵਿੱਚ ਟਿਕਣ ਸਮੇਂ ਸ਼ਬਦਾਂ ਦੀ ਬਜਾਏ ਇਸ਼ਾਰਿਆਂ ਨਾਲ ਗੱਲਬਾਤ ਕਰ ਸਕਦੇ ਹਨ।
- ਆਪਣੇ ਬੱਚੇ ਨੂੰ ਆਰੰਭਕ ਉਮਰ ਵਿੱਚ ਅੰਗਰੇਜ਼ੀ ਸੁਣਨ ਦੇਣ ਨਾਲ ਉਹਨਾਂ ਦੇ ਨਰਸਰੀ ਵਿੱਚ ਪੁੱਜਣ ਸਮੇਂ ਮਦਦ ਮਿਲੇਗੀ। ਤੁਹਾਨੂੰ ਇਸ ਨੂੰ ਸਿਖਾਉਣ ਦੀ ਲੋੜ ਨਹੀਂ ਹੈ! ਉਹ ਪੇਰੇਂਟ ਅਤੇ ਟੌਡਲਰ ਗਰੁੱਪਾਂ, ਬੁਕਬੱਗ ਸੈਸ਼ਨਾਂ ਆਦਿ ਵਿੱਚ ਅੰਗਰੇਜ਼ੀ ਸੁਣਨਗੇ।





ਐਂਟੋਨੇਲਾ ਸੋਰੇਸ ਅਤੇ ਬੌਬ ਲੈਂਡ ਵੱਲੋਂ ਜਾਣਕਾਰੀ: ' ਦੋ-ਭਾਸ਼ਾਈ ਬੱਚਿਆਂ ਦਾ ਪਾਲਣ ਪੋਸਣ ਕਰਨਾ (Raising Bilingual Children)'
ਸ਼ੁਅਰ ਸਟਾਰਟ ਅਰਲੀ ਕਮਿਊਨੀਕੇਸ਼ਨ ਪ੍ਰੋਜੈਕਟ ਵੱਲੋਂ ਤਿਆਰ ਕੀਤਾ ਗਿਆ
www.lets-talk.scot.nhs.uk